Punjab Government Gazette

EXTRAORDINARY

Published by Authority

CHANDIGARH, SATURDAY, FEBRUARY 7, 2026 (MAGHA 18, 1947 SAKA)

GOVERNMENT OF PUNJAB

DEPARTMENT OF HOUSING AND URBAN DEVELOPMENT

(Housing-I, Branch)

NOTIFICATION OF SOCIAL IMPACT ASSESSMENT

The 4th February, 2026

No:H-U-H1/44 /2026-6H1/297.- Greater Mohali Area Development Authority (GMADA), a special Development Authority constituted by the Government of Punjab has been entrusted to do planned development of Sahibzada Ajit Singh Nagar (Mohali). In this connection, GMADA has proposed the construction of an approximately 2.80 km long and 50 metre wide Horizontal Road dividing sector 116/117, 92/74A upto Sector 91/74 as per the approved Master Plan of Sahibzada Ajit Singh Nagar, Mohali, and DTP, SAS Nagar drawing No. 2280/2016 dated 05.12.2016. For this purpose, a total area of 21.2008 acres of land situated in Village Chajju Majra and Chappar Chiri Kalan Tehsil Mohali, District Sahibzada Ajit Singh Nagar, is proposed to be acquired under the provisions of the Right to Fair Compensation and Transparency in Land Acquisition, Rehabilitation and Resettlement Act, 2013.

It is hereby notified that the Social Impact Assessment shall be carried out in consultation with the concerned Gram Panchayat in the affected area. The proposed acquisition of aforesaid road would entail about **21.2008 acres** of land. This land shall be acquired from Villages Chajju Majra and Chappar Chiri Kalan Tehsil Mohali, District Sahibzada Ajit Singh Nagar. Thus, the affected area shall be Villages are Chajju Majra and Chappar Chiri Kalan Tehsil Mohali, District Sahibzada Ajit Singh Nagar. The main objectives of Social Impact Assessment (SIA) are to:-

a) Assess whether the proposed acquisition serves public purpose.
b) Estimation of affected families and number of families among them likely to be displaced.
c) Understand extent of land public and private, houses, settlements and other common properties likely to be affected by the proposed acquisition.
d) Understand extent of land proposed to be acquired is bare minimum needed for the project
e) Analyse alternate place (if any)
f) Study of the Social impacts of the project, and nature and cost of addressing them and impact of these costs on the overall cost of the project vis-à-vis the benefit of the project.

This notification is made under the provision of Section-4(I) of ***"The Right To Fair Compensation & Transparency In Land Acquisition, Rehabilitation & Resettlement Act 2013", (NO. 30 OF 2013).***

It is hereby notified that the acquisition of land under the proposed project falls under the provision of section 2(1)-(e) **project for planned development.** Thus, provision of section 2 (2) i.e. consent of Gram

sabha/land owners is not required for this project. It is to be noted that entire Social Impact Assessment (SIA) shall be carried out in consultation with Panchayat and land owners.

The Social Impact Assessment (SIA) shall commence from the date of issuance of the Social Impact Assessment (SIA) notification, which shall be completed within 6 months. The important output of the Social Impact Assessment (SIA) shall include Social Impact Assessment (SIA) report and Social Impact Management Plan (SIMP) along with the disclosure as prescribed under section 6 of the said act.

Any person interested in the manner Social Impact Assessment (SIA) is being carried out may contact at the following address:-

Land Acquisition Collector, Urban Development, Ground Floor, PUDA Bhawan, Sector 62, Sahibzada Ajit Singh Nagar, Punjab.

Summary of the Land Area

Sr. No.	Village Name	Area (in acres)
1.	Chajju Majra	5.2133
2.	Chappar Chiri Kalan	15.9875
	Total Area	**21.2008**

Note: In the above said area, if for any area a developer company has been granted CLU and has availed the benefit of salability as per instructions dated 06.02.2015, that area will be excluded from the acquisition.

Sd/-
VIKAS GARG, IAS
Principal Secretary, Govt. of Punjab
Department of Housing and Urban Development

Chandigarh
The 2nd February, 2026

ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ-1 ਸ਼ਾਖਾ)

ਸਮਾਜਿਕ ਪ੍ਰਭਾਵ ਮੁਲਾਂਕਣ ਸਬੰਧੀ ਅਧਿਸੂਚਨਾ

ਮਿਤੀ 4 ਫਰਵਰੀ, 2026

ਨੰ:H-U-H1/44/2026-6H1/297.- ਪੰਜਾਬ ਸਰਕਾਰ ਵੱਲੋਂ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਨੂੰ ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਦੇ ਨਿਯਮਤ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨਿਪਟਾਉਂਣ ਦਾ ਕਾਰਜ ਸੌਂਪਿਆ ਗਿਆ ਹੈ। ਇਸ ਸਬੰਧ ਵਿੱਚ ਗਮਾਡਾ ਵੱਲੋਂ ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਦੇ ਪ੍ਰਵਾਨਤ ਮਾਸਟਰ ਪਲਾਨ ਅਤੇ ਜਿਲ੍ਹਾ ਨਗਰ ਯੋਜਨਾਕਾਰ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਡਰਾਇੰਗ ਨੰਬਰ 2280/2016 ਮਿਤੀ 05.12.2016 ਅਨੁਸਾਰ ਸੈਕਟਰ 116/117, 92/74 ਏ ਨੂੰ ਸੈਕਟਰ 91/74 ਤੱਕ ਵੰਡਦੀ ਲੱਗਭਗ 2.80 ਕਿਲੋਮੀਟਰ ਲੰਬੀ ਅਤੇ 50 ਮੀਟਰ ਚੌੜ੍ਹੀ ਹੋਰੀਜੋਂਨਟਲ ਰੋਡ ਬਣਾਉਂਣ ਲਈ ਪਿੰਡ ਛੱਜੂ ਮਾਜਰਾ ਅਤੇ ਚੱਪੜ ਚਿੜੀ ਕਲਾਂ ਤਹਿਸੀਲ ਮੋਹਾਲੀ ਜਿਲ੍ਹਾ ਐਸ.ਏ.ਐਸ. ਨਗਰ ਵਿੱਚ ਪੈਂਦੀ ਕੁੱਲ 21.2008 ਏਕੜ ਜਗ੍ਹਾ ਨੂੰ ਭੌਂ ਪ੍ਰਾਪਤੀ ਐਕਟ, 2013 ਤਹਿਤ ਐਕੁਆਇਰ ਕਰਨ ਲਈ ਤਜਵੀਜ਼ ਕੀਤਾ ਗਿਆ ਹੈ।

ਇੱਥੇ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸਮਾਜਿਕ ਪ੍ਰਭਾਵ ਮੁਲਾਂਕਣ, ਭੌਂ ਪ੍ਰਾਪਤੀ ਤੋਂ ਪ੍ਰਭਾਵਿਤ ਖੇਤਰ ਨਾਲ ਸਬੰਧਤ ਗ੍ਰਾਮ ਪੰਚਾਇਤਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਅਮਲ ਵਿੱਚ ਲਿਆਂਦਾ ਜਾਵੇਗਾ। ਉਪਰੋਕਤ ਸੜ੍ਹਕ ਲਈ ਪ੍ਰਸਤਾਵਿਤ ਭੌਂ ਪ੍ਰਾਪਤੀ 21.2008 ਏਕੜ ਦੀ ਹੋਵੇਗੀ। ਇਹ ਜਮੀਨ ਤਹਿਸੀਲ ਮੋਹਾਲੀ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੇ ਪਿੰਡ ਛੱਜੂ ਮਾਜਰਾ ਅਤੇ ਚੱਪੜ ਚਿੜੀ ਕਲਾਂ ਵਿੱਚੋਂ ਪ੍ਰਾਪਤ ਕੀਤੀ ਜਾਵੇਗੀ, ਜਿਸ ਕਰਕੇ ਉਕਤ ਪਿੰਡ ਹੀ ਇਸ ਦਾ ਪ੍ਰਭਾਵਿਤ ਖੇਤਰ ਹੋਣਗੇ। ਇਸ ਦੇ ਸਮਾਜਿਕ ਪ੍ਰਭਾਵ ਮੁਲਾਂਕਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ:-

1) ਇਹ ਮੁਲਾਂਕਣ ਕਰਨਾ ਕਿ, ਕੀ ਤਜਵੀਜਤ ਭੌਂ ਪ੍ਰਾਪਤੀ ਲੋਕ ਹਿੱਤ ਦੀ ਪੂਰਤੀ ਕਰਦੀ ਹੈ?
2) ਭੌਂ ਪ੍ਰਾਪਤੀ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਗਿਣਤੀ ਦਾ ਅੰਦਾਜਾ ਲਗਾਉਣਾ ਅਤੇ ਅਜਿਹੇ ਪਰਿਵਾਰਾਂ ਵਿੱਚੋਂ ਕਿੰਨੇ ਪਰਿਵਾਰ ਉਜੜ/ਤਬਦੀਲ ਹੋ ਸਕਦੇ ਹਨ, ਦੱਸਣਾ।
3) ਇਹ ਵਿਚਾਰਿਆ ਜਾਣਾ ਕਿ ਤਜਵੀਜਤ ਭੌਂ ਪ੍ਰਾਪਤੀ ਕਰਨ ਨਾਲ ਕਿਸ ਹੱਦ ਤੱਕ ਜਨਤਕ ਅਤੇ ਨਿਜੀ ਭੌਂ, ਮਕਾਨ, ਬਸੇਵੇ ਅਤੇ ਹੋਰ ਸਾਂਝੀਆ ਸੰਪਤੀਆਂ ਪ੍ਰਭਾਵਿਤ ਹੋ ਸਕਦੀਆਂ ਹਨ।
4) ਇਹ ਦੱਸਣਾ ਕਿ ਕੀ ਤਜਵੀਜ ਕੀਤੀ ਭੌਂ ਲੋੜੀਂਦੇ ਪ੍ਰੋਜੈਕਟ ਲਈ ਘੱਟ ਤੋ ਘੱਟ ਹੈ?
5) ਬਦਲਵਾਂ ਸਥਾਨ (ਭੌਂ ਪ੍ਰਾਪਤੀ ਦੇ ਬਦਲੇ) ਸਪੱਸ਼ਟ ਕੀਤਾ ਜਾਣਾ (ਜੇਕਰ ਕੋਈ ਹੈ)।
6) ਸਮਾਜਿਕ ਪ੍ਰਭਾਵਾਂ ਦਾ ਅਧਿਐਨ, ਪ੍ਰਾਕਿਰਤੀ ਅਤੇ ਇਹਨਾਂ ਪ੍ਰਭਾਵਾਂ ਨੂੰ ਐਡਰੈਸ ਕਰਨ ਲਈ ਲੋੜੀਂਦੀ ਕੀਮਤ ਅਤੇ ਅਜਿਹੀ ਕੀਮਤ ਦਾ ਪ੍ਰੋਜੈਕਟ ਤੇ ਖਰਚ ਆਉਣ ਵਾਲੀ ਸਮੁੱਚੀ ਕੀਮਤ ਉਪਰ ਪ੍ਰਾਜੈਕਟ ਦੇ ਸਮੁੱਚੇ ਲਾਭਾਂ ਨਾਲ ਵੇਖਦੇ ਹੋਏ ਅਸਰ ਵੇਖਿਆ ਜਾਣਾ।

ਇਹ ਅਧਿਸੂਚਨਾ ਉਕਤ ਮੰਤਵਾਂ ਲਈ ਲੋੜੀਦੇਂ ਸਮਾਜਿਕ ਪ੍ਰਭਾਵਾਂ ਦੇ ਅਸਰ ਦਾ ਅਧਿਐਨ ਸ਼ੁਰੂ ਕਰਨ ਲਈ ***"ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੁਜੀਸ਼ਨ, ਰੀਬੈਬਲੀਟੇਸ਼ਨ ਅਤੇ ਰੀਸੈਟਲਮੈਂਟ ਐਕਟ 2013"*** ਦੀ ਧਾਰਾ 4 (1) ਤਹਿਤ ਜਾਰੀ ਕੀਤੀ ਗਈ ਹੈ।

ਇੱਥੇ ਇਹ ਅਧੀਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਸਤਾਵਿਤ ਪ੍ਰੋਜੈਕਟ ਲਈ ਭੌਂ ਦੀ ਪ੍ਰਾਪਤੀ ਉਕਤ ਐਕਟ ਦੀ ਧਾਰਾ 2(1)-(ਈ) ਪ੍ਰੋਜੈਕਟ ਫਾਰ ਪਲੈਨਡ ਡਿਵੈਲਪਮੈਂਟ ਦੇ ਅਧਿਨਿਯਮ ਦੇ ਤਹਿਤ ਆਉਂਦੀ ਹੈ। ਇਸ ਕਰਕੇ ਧਾਰਾ 2(2) ਦੇ ਅਨੁਸਾਰ ਪੰਚਾਇਤ/ਭੌਂ ਮਾਲਕਾਂ ਦੀ ਸਹਿਮਤੀ ਪ੍ਰਾਜੈਕਟ ਲਈ ਲੋੜੀਂਦੀ ਨਹੀਂ। ਇਸ ਤੋਂ ਇਲਾਵਾ ਇਸ ਕੇਸ ਵਿੱਚ ਸਮੁੱਚਾ ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਸਬੰਧਤ ਗ੍ਰਾਮ ਪੰਚਾਇਤ ਅਤੇ ਪ੍ਰਭਾਵਿਤ ਪਰਿਵਾਰਾਂ/ਵਿਅਕਤੀਆਂ ਨਾਲ ਪਬਲੀਕ ਨੋਟਿਸ ਜਾਰੀ ਕਰਦੇ ਹੋਏ ਵਿਚਾਰ ਵਟਾਂਦਰੇ ਰਾਹੀਂ ਤਿਆਰ ਕੀਤਾ ਜਾਵੇਗਾ।

ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਦੀ ਅਧਿਸੂਚਨਾ ਦੇ ਜਾਰੀ ਹੋਣ ਦੀ ਮਿਤੀ ਤੋਂ ਸੁਰੂ ਹੋਵੇਗਾ ਜੋ ਕਿ 6 ਮਹੀਨੇ ਦੇ ਵਿੱਚ- ਵਿੱਚ ਮੁਕੰਮਲ ਕੀਤਾ ਜਾਵੇਗਾ। ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਦੀ ਰਿਪੋਰਟ ਨਾਲ ਧਾਰਾ 4 (6) ਦੇ ਅਧੀਨ ਨਿਰਧਾਰਤ ਸਮਾਜਿਕ ਪ੍ਰਭਾਵਿਤ ਪ੍ਰਬੰਧਕੀ ਯੋਜਨਾ

(ਐਸ.ਆਈ.ਐਮ.ਪੀ) ਦੀ ਪਬਲਿਕੇਸ਼ਨ ਐਕਟ ਦੀ ਧਾਰਾ 6(1) ਵਿੱਚ ਦਰਸਾਏ ਅਨੁਸਾਰ ਕੀਤੀ ਜਾਵੇਗੀ।

ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਤਿਆਰ ਕਰਨ ਦੇ ਵਕਤ ਇਸ ਪ੍ਰੋਜੈਕਟ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਨਿਮਨ ਪਤੇ ਤੇ ਸੰਪਰਕ ਕਰ ਸਕਦੇ ਹਨ:-

ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ (ਸੈਕਟਰ-62) ਸਾਹਿਬਜਾਦਾ ਅਜੀਤ ਸਿੰਘ ਨਗਰ ।

ਭੌਂ ਦਾ ਵੇਰਵਾ

ਲੜੀ ਨੰ:	ਪਿੰਡ ਦਾ ਨਾਂ	ਰਕਬਾ (ਏਕੜ ਵਿੱਚ)
1.	ਛੱਜੂ ਮਾਜਰਾ	5.2133
2.	ਚੱਪੜ ਚਿੜੀ ਕਲਾਂ	15.9875
	ਕੁੱਲ ਜ਼ੋੜ	**21.2008**

ਨੋਟ:- ਉਪਰੋਕਤ ਦਰਸਾਏ ਗਏ ਖੇਤਰ ਵਿੱਚੋਂ ਜੇਕਰ ਕਿਸੇ ਵੀ ਖੇਤਰ ਲਈ ਕਿਸੇ ਡਿਵੈਲਪਰ ਕੰਪਨੀ ਨੂੰ ਭੌਂ ਤਬਦੀਲੀ ਵਰਤੋਂ (ਸੀ.ਐੱਲ.ਯੂ) ਜਾਰੀ ਕੀਤਾ ਗਿਆ ਹੋਵੇ ਅਤੇ ਸਬੰਧਤ ਵੱਲੋਂ ਹਦਾਇਤਾਂ ਮਿਤੀ 06.02.2015 ਅਨੁਸਾਰ ਸ਼ੂਟੇਬਿਲਿਟੀ ਦਾ ਲਾਭ ਲਿਆ ਹੋਵੇ ਤਾਂ ਉਹ ਖੇਤਰ ਭੌਂ ਪ੍ਰਾਪਤੀ ਤੋਂ ਬਾਹਰ ਰੱਖਿਆ ਜਾਵੇਗਾ।

ਸਹੀ/-

ਵਿਕਾਸ ਗਰਗ, ਆਈ.ਏ.ਐਸ.

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਚੰਡੀਗੜ੍ਹ

ਮਿਤੀ 2 ਫਰਵਰੀ, 2026

3633/2-2026/Pb. Govt. Press, S.A.S. Nagar